ਵਿਸ਼ਾ:-ਪਟਿਆਲਾ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ (ਪੀ.ਡੀ.ਏ) ਦੀ ਅਥਾਰਿਟੀ ਦੀ ਮਿਤੀ 28.05.2013 ਨੂੰ ਹੋਈ 20ਵੀ ਮੀਟਿੰਗ ਦੀ ਕਾਰਵਾਈ।

ਮਿਤੀ 28.05.2013 ਨੂੰ ਮਾਨਯੋਗ ਮੁੱਖ ਮੰਤਰੀ, ਪੰਜਾਬ-ਕਮ-ਚੇਅਰਮੈਨ, ਪੀ.ਡੀ.ਏ. ਸ੍ਰੀ ਪਰਕਾਸ਼ ਸਿੰਘ ਬਾਦਲ ਜੀ ਦੀ ਪ੍ਰਧਾਨਗੀ ਹੇਠ ਅਥਾਰਿਟੀ ਦੀ 20ਵੀ ਮੀਟਿੰਗ ਹੋਈ, ਜਿਸ ਵਿੱਚ ਹੇਠ ਲਿਖੇ ਅਨੁਸਾਰ ਮੈਂਬਰਾਂ ਨੇ ਭਾਗ ਲਿਆ :-

| ਲੜੀ ਨੰ: | ਅਧਿਕਾਰੀ ਦਾ ਨਾਮ ਅਤੇ ਅਹੁਦਾ | ਅਹੁੱਦਾ |
|---|---|---|
| 1 | ਸ੍ਰੀ ਸੁਖਬੀਰ ਸਿੰਘ ਬਾਦਲ, ਉਪ-ਮੁੱਖ ਮੰਤਰੀ, ਪੰਜਾਬ-ਕਮ- ਕੋ-ਚੇਅਰਮੈਨ, ਪੀ.ਡੀ.ਏ. | ਕੋ-ਚੇਅਰਮੈਨ |
| 2 | ਸ੍ਰੀ ਰਾਕੇਸ ਸਿੰਘ, ਆਈ.ਏ.ਐਸ. ਮੁੱਖ ਸਕੱਤਰ, ਪੰਜਾਬ | ਵਿਸ਼ੇਸ਼ ਮਹਿਮਾਨ |
| 3 | ਸ੍ਰੀ ਐਸ.ਕੇ.ਸੰਧੂ, ਆਈ.ਏ.ਐਸ. ਪ੍ਰਮੁੱਖ ਸਕੱਤਰ ਟੂ ਮੁੱਖ ਮੰਤਰੀ, ਪੰਜਾਬ। | ਮੈਂਬਰ |
| 4 | ਸ੍ਰੀ ਏ.ਵੇਨੂੰ ਪ੍ਰਸਾਦ, ਆਈ.ਏ.ਐਸ. ਸਕੱਤਰ, ਮਕਾਨ ਉਸਾਰੀ ਤੇ ਸਹਿਰੀ ਵਿਕਾਸ ਵਿਭਾਗ, ਪੰਜਾਬ। | ਮੈਂਬਰ |
| 5 | ਸ੍ਰੀ ਪ੍ਰਿਅੰਕ ਭਾਰਤੀ, ਆਈ.ਏ.ਐਸ. ਡਾਇਰੈਕਟਰ, ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ, ਪੰਜਾਬ, ਦੇ ਨੁਮਾਇੰਦੇ | ਮੈਂਬਰ |
| 6 | ਸ੍ਰੀ ਜਸਪਾਲ ਸਿੰਘ, ਆਈ.ਏ.ਐਸ. ਸਕੱਤਰ (ਖਰਚਾ), ਪ੍ਰਮੁੱਖ ਸਕੱਤਰ(ਵਿੱਤ) ਦੇ ਨੁਮਾਇੰਦੇ | ਮੈਂਬਰ |
| 7 | ਸ੍ਰੀ ਜੀ.ਕੇ.ਸਿੰਘ, ਆਈ.ਏ.ਐਸ. ਡਿਪਟੀ ਕਮਿਸਨਰ, ਪਟਿਆਲਾ ਅਤੇ ਮੁੱਖ ਪ੍ਰਸ਼ਾਸ਼ਕ, ਪੀ.ਡੀ.ਏ. ਪਟਿਆਲਾ | ਮੈਂਬਰ |
| 8 | ਸ੍ਰੀ ਗੁਰਲਵਲੀਨ ਸਿੰਘ, ਆਈ.ਏ.ਐਸ. ਕਮਿਸ਼ਨਰ, ਨਗਰ ਨਿਗਮ, ਪਟਿਆਲਾ। | ਮੈਂਬਰ |
| 9 | ਸ੍ਰੀ ਨਵਜੋਤਪਾਲ ਸਿੰਘ ਰੰਧਾਵਾ, ਪੀ.ਸੀ.ਐਸ ਡਾਇਰੈਟਰ, ਪ੍ਰਮੁੱਖ ਸਕੱਤਰ, ਸਭਿਆਚਾਰਕ ਮਾਮਲੇ ਵਿਭਾਗ, ਪੰਜਾਬ ਚੰਡੀਗੜ੍ਹ ਦੇ ਨੁਮਾਇੰਦੇ | ਮੈਂਬਰ |
| 10 | ਸ੍ਰੀ ਹਰਨੇਕ ਸਿੰਘ ਢਿੱਲੋਂ, ਮੁੱਖ ਨਗਰ ਯੋਜਨਾਕਾਰ, ਪੰਜਾਬ, ਚੰਡੀਗੜ੍ਹ | ਮੈਂਬਰ |

ਮੀਟਿੰਗ ਵਿੱਚ ਹੇਠ ਦਰਸਾਏ ਗਏ ਲੜੀਵਾਰ ਅਜੰਡਾ ਆਈਟਮ ਵਿਚਾਰੇ ਗਏ:-

**ਅਜੰਡਾ ਆਈਟਮ ਨੰ: 20.01**

ਵਿਸਾ :- **ਪਟਿਆਲਾ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ(ਪੀ.ਡੀ.ਏ) ਦੀ ਮਿਤੀ 18.07.2012 ਨੂੰ ਹੋਈ 19ਵੀ ਮੀਟਿੰਗ ਦੀ ਕਾਰਵਾਈ ਦੀ ਪੁਸਟੀ ਕਰਨ ਸਬੰਧੀ ।**

ਅਥਾਰਿਟੀ ਵੱਲੋ 19ਵੀ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

**ਅਜੰਡਾ ਆਈਟਮ ਨੰ: 20.02**

ਵਿਸਾ :- **ਪਟਿਆਲਾ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ(ਪੀ.ਡੀ.ਏ) ਦੀ ਮਿਤੀ 18.07.2012 ਨੂੰ ਹੋਈ 19ਵੀਂ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਸਬੰਧੀ ਕੀਤੀ ਕਾਰਵਾਈ ਬਾਰੇ ਰਿਪੋਰਟ ।**

ਅਥਾਰਿਟੀ ਵੱਲੋ ਕੀਤੀ ਗਈ ਕਾਰਵਾਈ ਬਾਰੇ ਨੋਟ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ ।

**ਅਜੰਡਾ ਆਈਟਮ ਨੰ: 20.03**

ਵਿਸਾ :- **ਪੀ.ਡੀ.ਏ. ਦਾ ਸਾਲ 2012-13 ਦਾ ਰਿਵਾਇਜਡ ਬਜਟ ਅਤੇ ਸਾਲ 2013-14 ਦਾ ਬਜਟ ਪ੍ਰਵਾਨ ਕਰਵਾਉਣ ਸਬੰਧੀ ।**

ਅਥਾਰਿਟੀ ਵੱਲੋ ਪੀ.ਡੀ.ਏ. ਦਾ ਸਾਲ 2012-13 ਦਾ ਰਿਵਾਇਜਡ ਬਜਟ ਅਤੇ ਸਾਲ 2013-14 ਦਾ ਬਜਟ ਪ੍ਰਵਾਨ ਕੀਤਾ ਗਿਆ।

**ਅਜੰਡਾ ਆਈਟਮ ਨੰ: 20.04**

ਵਿਸਾ :- **ਪਟਿਆਲਾ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ(ਪੀ.ਡੀ.ਏ) ਦੀ ਸਾਲ 2011-2012 ਦੀ ਸਲਾਨਾ ਪ੍ਰਬੰਧਕੀ ਰਿਪੋਰਟ ਬਾਰੇ ।**

ਅਥਾਰਿਟੀ ਵੱਲੋ ਪੀ.ਡੀ.ਏ. ਦੀ ਸਾਲ 2011-2012 ਦੀ ਸਲਾਨਾ ਪ੍ਰਬੰਧਕੀ ਰਿਪੋਰਟ ਪ੍ਰਵਾਨ ਕੀਤੀ ਗਈ ।

ਅਜੰਡਾ ਆਈਟਮ ਨੰ: 20.05

ਵਿਸਾ :- ਪੀ.ਡੀ.ਏ. ਦੀ ਸਾਲ 2011-12 ਦੀ ਬੈਲੇਂਸ ਸੀਟ ਪ੍ਰਵਾਨ ਕਰਨ ਬਾਰੇ।

ਅਥਾਰਿਟੀ ਵੱਲੋ ਪੀ.ਡੀ.ਏ. ਦੀ ਸਾਲ 2011-2012 ਦੀ ਬੈਲੇਂਸ ਸੀਟ ਪ੍ਰਵਾਨ ਕੀਤੀ ਗਈ ।

ਅਜੰਡਾ ਆਈਟਮ ਨੰ: 20.06

ਵਿਸਾ :- ਹਰਪਾਲ ਟਿਵਾਣਾ ਕਲਾ ਕੇਂਦਰ ਪਟਿਆਲਾ ਨੂੰ ਪੀ.ਡੀ.ਏ. ਵਲੋਂ 1.00 ਕਰੋੜ ਰੁਪਏ ਦਾ ਕਾਰਪਸ ਫੰਡਜ ਜਾਰੀ ਕਰਨ ਸਬੰਧੀ।

ਅਥਾਰਿਟੀ ਵੱਲੋ ਕਾਰਜਬਾਅਦ ਪ੍ਰਵਾਨਗੀ ਦਿੱਤੀ ਗਈ ।

ਅਜੰਡਾ ਆਈਟਮ ਨੰ: 20.07

ਵਿਸਾ :- ਪਿੰਡ ਕੁਪਰਹਿੜਾ ਜਿਲਾ ਸੰਗਰੂਰ ਵਿਖੇ ਵੱਡੇ ਘੱਲੂਘਾਰੇ ਦੀ ਯਾਦਗਾਰ ਦੀ ਉਸਾਰੀ ਲਈ ਪੀ.ਡੀ.ਏ. ਵਲੋਂ 3.64 ਕਰੋੜ ਰੁਪਏ ਦੇ ਫੰਡਜ ਜਾਰੀ ਕਰਨ ਬਾਰੇ।

ਅਥਾਰਿਟੀ ਵੱਲੋ ਕਾਰਜ ਬਾਅਦ ਪ੍ਰਵਾਨਗੀ ਦਿੱਤੀ ਗਈ ।

ਅਜੰਡਾ ਆਈਟਮ ਨੰ: 20.08

ਵਿਸ਼ਾ: ਪਿੰਡ ਕੁਪਰਹਿੜਾ ਜਿਲਾਂ ਸੰਗਰੂਰ ਵਿਖੇ ਵੱਡੇ ਘੱਲੂਘਾਰੇ ਦੀ ਯਾਦ ਵਿੱਚ ਉਸਾਰੇ ਗਏ ਸਮਾਰਕ ਦੀ ਕੰਸਲਟੈਂਸੀ ਫੀਸ ਬਾਬਤ 20.35 ਲੱਖ ਰੁਪਏ ਦੀ ਰਕਮ ਪੀਡੀਏ ਵੱਲੋਂ ਜਾਰੀ ਕਰਨ ਸਬੰਧੀ।

ਅਥਾਰਿਟੀ ਵੱਲੋ ਕਾਰਜ ਬਾਅਦ ਪ੍ਰਵਾਨਗੀ ਦਿੱਤੀ ਗਈ ।

ਅਜੰਡਾ ਆਈਟਮ ਨੰ: 20.09

ਵਿਸਾ :- ਗਰੀਨਿੰਗ ਪੰਜਾਬ ਫੰਡ ਅਧੀਨ ਪੀ.ਡੀ.ਏ. ਵਲੋਂ 1.00 ਕਰੋੜ ਰੁਪਏ ਦੇ ਫੰਡਜ ਜਾਰੀ ਕਰਨ ਬਾਰੇ।

ਅਥਾਰਿਟੀ ਵੱਲੋ ਕਾਰਜ ਬਾਅਦ ਪ੍ਰਵਾਨਗੀ ਦਿੱਤੀ ਗਈ ।

ਅਜੰਡਾ ਆਈਟਮ ਨੰ: 20.10

ਵਿਸਾ :- ਪਟਿਆਲਾ-ਰਾਜਪੁਰਾ ਰੋਡ, ਅਰਬਨ ਅਸਟੇਟ, ਫੇਜ-2, ਪਟਿਆਲਾ ਵਿਖੇ ਇਤਿਹਾਸਕ ਗੁਰਦੁਆਰਾ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਜੀ ਦੇ ਕਬਜੇ ਅਧੀਨ 497 ਵਰਗ ਗਜ਼ ਜਗ੍ਹਾ ਨੂੰ ਰੈਗੂਲਰਾਈਜ ਕਰਨ ਲਈ ਲੀਜ਼ ਤੇ ਦੇਣ ਸਬੰਧੀ।

ਅਥਾਰਿਟੀ ਵੱਲੋ ਮੱਦ ਪ੍ਰਵਾਨ ਕੀਤੀ ਗਈ ।

ਅਜੰਡਾ ਆਈਟਮ ਨੰ: 20.11

ਵਿਸਾ:- ਅਰਬਨ ਅਸਟੇਟ, ਫੇਜ–3, ਪਟਿਆਲਾ ਵਿਖੇ 4.25 ਏਕੜ ਜਗ੍ਹਾਂ ਰਿਹਾਇਸ਼ੀ ਪਲਾਟ ਬਣਾਕੇ ਵੇਚਣ ਦੀ ਪ੍ਰਵਾਨਗੀ ਸਬੰਧੀ ।

ਅਥਾਰਿਟੀ ਵੱਲੋ ਮੱਦ ਪ੍ਰਵਾਨ ਕੀਤੀ ਗਈ ।

ਅਜੰਡਾ ਆਈਟਮ ਨੰ: 20.12

ਵਿਸ਼ਾ :- ਪੀਡੀਏ ਅਧੀਨ ਪੈਦੇ ਰਕਬੇ ਵਿੱਚ 50 ਏਕੜ ਦੀ ਥਾਂ ਤੇ 25 ਜਾਂ ਇਸ ਤੋਂ ਵੱਧ ਰਕਬੇ ਵਿੱਚ ਅਰਬਨ ਅਸਟੇਟਾਂ ਵਿਕਸਿਤ ਕਰਨ ਬਾਰੇ ਅਤੇ ਪੀਡੀਏ ਅਧੀਨ ਲੈਂਡ ਪੂਲਿੰਗ ਸਕੀਮ ਤਹਿਤ ਜ਼ਮੀਨ ਲੈਣ ਲਈ ਗਮਾਡਾ ਵਿੱਚ ਚੱਲ ਰਹੀ ਪਾਲਿਸੀ ਲਾਗੂ ਕਰਨ ਬਾਰੇ।

ਅਥਾਰਿਟੀ ਵੱਲੋ ਮੱਦ ਪ੍ਰਵਾਨ ਕੀਤੀ ਗਈ ।

<u>ਸਪਲੀਮੈਂਟਰੀ ਅਜੰਡਾ ਆਈਟਮ ਨੰ: 20.01</u>

ਵਿਸ਼ਾ :- ਬਾਰਨ ਪਟਿਆਲਾ ਵਿਖੇ ਐਕਵਾਇਰ ਕੀਤੀ ਗਈ ਜਮੀਨ ਦੇ ਭੌਂ ਮਾਲਕਾਂ ਨੂੰ ਵਧੇ ਮੁਆਵਜੇ ਦੀ ਅਦਾਇਗੀ ਬਾਰੇ ।

ਅਥਾਰਿਟੀ ਵੱਲੋ ਮੱਦ ਪ੍ਰਵਾਨ ਕੀਤੀ ਗਈ ।

<u>ਸਪਲੀਮੈਂਟਰੀ ਅਜੰਡਾ ਆਈਟਮ ਨੰ: 20.02</u>

ਵਿਸ਼ਾ :- ਆਮਦਨ ਕਰ ਸਾਲ 2008-09 ਬਾਰੇ ।

ਅਥਾਰਿਟੀ ਵੱਲੋ ਮੱਦ ਪ੍ਰਵਾਨ ਕੀਤੀ ਗਈ ।

ਉਪਰੋਕਤ ਤੋ ਇਲਾਵਾ ਚੇਅਰਮੈਨ, ਪੀ.ਡੀ.ਏ. ਵੱਲੋ ਨਵੀਆਂ ਅਰਬਨ ਅਸਟੇਟਾਂ ਸਥਾਪਿਤ ਕਰਨ ਸਬੰਧੀ ਪੁੱਛਿਆ ਗਿਆ । ਮੁੱਖ ਪ੍ਰਸਾਸਕ, ਪੀ.ਡੀ.ਏ. ਪਟਿਆਲਾ ਵੱਲੋ ਦੱਸਿਆ ਗਿਆ ਕਿ ਪੀ.ਡੀ.ਏ. ਵੱਲੋ ਪਟਿਆਲਾ, ਸੰਗਰੂਰ, ਬਰਨਾਲਾ ਅਤੇ ਰਾਜਪੁਰਾ ਵਿਖੇ ਨਵੀਆਂ ਅਰਬਨ ਅਸਟੇਟਾਂ ਸਥਾਪਿਤ ਕਰਨ ਲਈ ਕਮੇਟੀ ਵੱਲੋ ਸਿਫਾਰਸ ਕੀਤੀ ਗਈ ਸੀ ਜਿਸ ਦੀ ਰਿਪੋਰਟ ਸਕੱਤਰ, ਮਕਾਨ ਉਸਾਰੀ ਤੇ ਸਹਿਰੀ ਵਿਕਾਸ ਵਿਭਾਗ, ਪੰਜਾਬ ਜੀ ਨੂੰ ਭੇਜੀ ਗਈ ਸੀ, ਉਨ੍ਹਾਂ ਵੱਲੋ ਪਟਿਆਲਾ ਅਤੇ ਸੰਗਰੂਰ ਵਿਖੇ ਨਵੀਆਂ ਅਰਬਨ ਅਸਟੇਟਾਂ ਸਥਾਪਿਤ ਕਰਨ ਲਈ ਸੈਕਸਨ-4 ਤਹਿਤ ਨੋਟੀਫਿਕੇਸਨ ਜਾਰੀ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ ਅਤੇ ਪੀ.ਡੀ.ਏ. ਵੱਲੋ ਇਸ ਕੰਮ ਲਈ ਨਾਮਜਦ ਕੀਤੇ ਕੰਸਲਟੈਂਟ (ਟੀਲਾ) ਨੂੰ ਸੈਕਸਨ-4 ਦੀ ਨੋਟੀਫਿਕੇਸਨ ਤਿਆਰ ਕਰਨ ਲਈ ਹਦਾਇਤ ਕਰ ਦਿੱਤੀ ਗਈ ਹੈ। ਚੇਅਰਮੈਨ, ਪੀ.ਡੀ.ਏ. ਵੱਲੋ ਇਹ ਵੀ ਹਦਾਇਤ ਕੀਤੀ ਗਈ ਕਿ ਇਸੇ ਵਿੱਤੀ ਵਰ੍ਹੇ ਵਿੱਚ ਮਲੇਰਕੋਟਲਾ, ਅਹਿਮਦਗੜ੍ਹ ਅਤੇ ਪੀ.ਡੀ.ਏ. ਦੇ ਅਧਿਕਾਰ ਖੇਤਰ ਵਿੱਚ ਪੈਂਦੇ ਹੋਰ ਸਹਿਰਾਂ/ਕਸਬਿਆਂ ਵਿੱਚ ਵੀ ਰਿਹਾਇਸੀ ਅਤੇ ਵਪਾਰਕ ਅਰਬਨ ਅਸਟੇਟਾਂ ਸਥਾਪਿਤ ਕਰਨ ਲਈ ਕਾਰਵਾਈ ਕੀਤੀ ਜਾਵੇ। ਇਹ ਅਰਬਨ ਅਸਟੇਟਾਂ ਲੈਂਡ ਪੂਲਿੰਗ ਪਾਲਿਸੀ ਜਾਂ ਨਵੀਂ 80-20 ਪਾਲਿਸੀ (**Eighty Twenty Policy**) ਤਹਿਤ ਵਿਕਸਤ ਕਰਨ ਲਈ ਕਾਰਵਾਈ ਕੀਤੀ ਜਾਵੇ ਅਤੇ ਕੀਤੀ ਕਾਰਵਾਈ ਸਬੰਧੀ ਰਿਪੋਰਟ 15 ਜੁਲਾਈ 2013 ਤੱਕ ਸਕੱਤਰ, ਮਕਾਨ ਉਸਾਰੀ ਤੇ ਸਹਿਰੀ ਵਿਕਾਸ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਭੇਜੀ ਜਾਵੇ।

ਮੀਟਿੰਗ ਧੰਨਵਾਦ ਸਹਿਤ ਖਤਮ ਕੀਤੀ ਗਈ ।

ਪਰਕਾਸ਼ ਸਿੰਘ ਬਾਦਲ
ਮੁੱਖ ਮੰਤਰੀ, ਪੰਜਾਬ ਕਮ-
ਚੇਅਰਮੈਨ, ਪੀ.ਡੀ.ਏ.